# ਮੇਰੇ ਪੁਤ ਮਹਾਨ

ਭਾਰਤ ਮਾਤਾ ਆਖਦੀ
ਮੇਰੇ ਪੁੱਤਰ ਮੇਰੇ ਲਾਲ
ਮੇਰੇ ਰਾਜਗੁਰੂ ਸੁਖਦੇਵ
ਮੇਰਾ ਭਗਤ ਸਿੰਘ ਸਰਦਾਰ

ਮੇਰਾ ਲਾਡਲਾ ਮਦਨ ਢੀਂਗਰਾ
ਮੇਰਾ ਸੁਹਣਾ ਪੁਤ ਕਰਤਾਰ
ਮੇਰੀਆਂ ਅਖਾਂ ਮੂਹਰੇ ਆਓਂਦੇ
ਮੇਰੇ ਪੁੱਤਰ ਵਾਰੋ ਵਾਰ

ਜਿਹੜੇ ਫਾਂਸੀ ਉੱਤੇ ਝੂਲ ਗਏ
ਜਿਹਨਾਂ ਜਾਨਾ ਦਿੱਤੀਆਂ ਵਾਰ
ਜਿਹਨਾ ਲੰਦਨ ਦੇ ਵਿਚ ਪਹੁੰਚ ਕੇ
ਜਾਲਮ ਗੋਰੇ ਦਿੱਤੇ ਮਾਰ

ਜਿਹਨਾ ਜਲਿਆਂ ਵਾਲੇ ਬਾਗ ਦੀ
ਸੀ ਭਾਜੀ ਦਿੱਤੀ ਮੋੜ
ਸੀਨੇ ਵਿਚ ਗੋਲੀ ਮਾਰ ਕੇ
ਜਨਰਲ ਡਾਇਰ ਦਿਤਾ ਰੋੜ੍ਹ

ਜਿਹੜੇ ਲਾਜਪਤ ਦੀ ਪਤ ਲਈ
ਆਪਣੀ ਜਾਂਨ ਤੇ ਗਏ ਸੀ ਖੇਲ
ਜਿਹੜੇ ਲਾ ਕੇ ਅਗ ਪਿਆਰ ਦੀ
ਉਸਦੇ ਵਿਚ ਪੌਂਦੇ ਸੀ ਤੇਲ

ਜਿਹਨਾਂ ਬੋਲੇ ਕੰਨਾਂ  ਤਕ ਵੀ
ਦਿੱਤੀ ਅਪਣੀ ਗਲ ਪੁਚਾ
ਜਿਹਨਾਂ ਵਲੋਂ ਫੋੜੇ ਬੰਬ ਦਾ
ਧੂਆਂ  ਇਨਾਂ  ਫੇਲ ਗਿਆ
ਅਖਾਂ ਮੂਹਰੇ ਧੁਆਂ ਛਾ ਗਿਆ
ਲਗਦਾ ਵਿਖਣਾ  ਹੋਇਆ ਬੰਦ
ਅੰਦਰ ਖਾਤੇ ਫਿਰ ਅੰਗ੍ਰੇਜ਼ ਨੇ
ਕੀਤਾ ਜਾਵਣ ਦਾ ਪਰਬੰਧ

ਆਖਿਰ ਬਿਸਤਰ ਬੋਰੀ ਬਨ੍ਹ  ਕੇ
ਗੋਰਾ ਪਹੁੰਚਿਆ ਇੰਗਲਿਸਤਾਨ
ਲੋਕੋ ਏਦਾਂ ਰੰਗ ਲਿਆਇਆ
ਮੇਰੇ ਪੁਤਰਾਂ ਦਾ ਬਲਿਦਾਨ
ਮੇਰੇ ਪੁਤਰ ਜ਼ਗ ਤੋਂ ਵਖਰੇ
ਲੋਕੋ ਮੇਰੇ ਪੁਤ ਮਹਾਨ

ਮੇਰੇ ਪੁਤਰ ਜ਼ਗ ਤੋਂ ਵਖਰੇ
ਲੋਕੋ ਮੇਰੇ ਪੁਤ ਮਹਾਨ
ਮੇਰੇ ਪੁਤਰ ਜ਼ਗ ਤੋਂ ਵਖਰੇ
ਲੋਕੋ ਮੇਰੇ ਪੁਤ ਮਹਾਨ